ਵਿਸ਼ਾ- ਪੰਜਾਬੀ ਜਮਾਤ- ਛੇਵੀਂ....

# ਬੱਸ ਅੱਡੇ ਦਾ ਦ੍ਰਿਸ਼ ( ਲੇਖ ਰਚਨਾ )



ਬੱਸ ਅੱਡੇ ਤੇ ਹਮੇਸ਼ਾ ਚਹਿਲ ਪਹਿਲ ਦਿਖਾਈ ਦਿੰਦੀ ਹੈ। ਹਰ ਕੋਈ ਆਪਣਾ ਸਮਾਨ ਚੁੱਕ ਕੇ ਇੱਧਰ ਉੱਧਰ ਭੱਜਿਆ ਦਿਖਾਈ ਦਿੰਦਾ ਹੈ। ਕੋਈ ਕੰਡਕਟਰ ਨੂੰ ਬੱਸ ਬਾਰੇ ਪੁੱਛ ਰਿਹਾ ਹੁੰਦਾ ਹੈ। ਕੰਡਕਟਰ ਵੀ ਉੱਚੀ ਅਵਾਜ਼ ਨਾਲ ਹੋਕੇ ਦੇ ਰਹੇ ਹੁੰਦੇ ਹਨ। ਲੋਕ ਟਿਕਟ ਲੈ ਕੇ ਬੱਸਾਂ ਵਿੱਚ ਚੜ ਰਹੇ ਹੁੰਦੇ ਹਨ। ਜਿਨ੍ਹਾਂ ਲੋਕਾਂ ਨੇ ਦੂਰ ਦਾ ਸਫਰ ਕਰਨਾ ਹੁੰਦਾ ਹੈ, ਉਨ੍ਹਾਂ ਨੇ ਵੱਡੇ ਸਾਰੇ ਟਰੰਕ ਵੀ ਫ਼ੜੇ ਹੁੰਦੇ ਹਨ।



ਵੱਖ- ਵੱਖ ਸ਼ਹਿਰਾਂ, ਕਸਬਿਆਂ ਅਤੇ ਪਿੰਡਾਂ ਨੂੰ ਜਾਣ ਵਾਲੀਆਂ ਬੱਸਾਂ ਆਪਣੇ ਨਿਸ਼ਚਿਤ ਨੰਬਰ ਤੇ ਖੜੀਆਂ ਹੁੰਦੀਆਂ ਹਨ । ਹਰ ਕੰਡਕਟਰ ਬੱਸ ਦੀ ਬਾਰੀ ਅੱਗੇ ਖੜਾ ਹੋ ਕੇ ਟਿਕਟਾਂ ਦੇ ਰਿਹਾ ਹੁੰਦਾ ਹੈ । ਲੋਕ ਲਾਈਨ ਬਣਾ ਕੇ ਟਿਕਟਾਂ ਲੈਂਦੇ ਹਨ ਤੇ ਬੱਸ ਤੇ ਚੜ ਜਾਂਦੇ ਹਨ । ਕਈ ਵਾਰੀ ਤਾਂ ਚੜ੍ਹਦੇ ਸਮੇਂ ਜਾਂ ਸੀਟ ਨਾ ਮਿਲਣ ਤੇ ਸਵਾਰੀਆਂ ਆਪਸ ਵਿੱਚ ਲੜ ਵੀ ਪੈਂਦੇ ਹਨ । ਬੱਸ ਦੇ ਚੱਲਣ ਸਮੇਂ ਤੇ ਕੰਡਕਟਰ ਸੀਟੀ ਵਜਾਉਂਦਾ ਹੈ ਤੇ ਕਈ ਵਾਰੀ ਤਾਂ ਸਵਾਰੀਆਂ ਭੱਜ ਕੇ ਬੱਸ ਫੜਦੀਆਂ ਹਨ । ਕਈ ਵਾਰੀ ਤਾਂ ਲੋਕ ਬੱਸ ਅੱਡੇ ਦੇ ਬਾਹਰੋਂ  ਆਟੋ-ਰਿਕਸ਼ਾ ਲੈ ਕੇ ਆਪਣੇ ਟਿਕਾਣਿਆਂ ਤੇ ਜਾਂਦੇ ਹਨ । ਬੱਸ ਅੱਡੇ ਵਿਚ ਅਖ਼ਬਾਰ ਵੇਚਣ ਵਾਲੇ, ਖਾਣ ਦਾ ਸਮਾਨ ਵੇਚਣ ਵਾਲੇ ਹੋਕਾ ਦੇ ਰਹੇ ਹੁੰਦੇ ਹਨ ।



ਬੱਸਾਂ ਵਿੱਚ ਮੰਗਤੇ ਵੀ ਘੁੰਮ ਫ਼ਿਰ ਕੇ ਭੀਖ ਮੰਗਦੇ ਹਨ । ਬੱਸ ਅੱਡੇ ਵਿਚ ਬਹੁਤ ਸਾਰੀਆਂ ਚੀਜਾਂ ਦੀਆਂ ਦੁਕਾਨਾਂ ਵੀ ਬਣੀਆਂ ਹੁੰਦੀਆਂ ਹਨ , ਜਿੱਥੋਂ ਲੋਕ ਖਾਣ ਲਈ ਕਈ ਤਰਾਂ ਦੀ ਚੀਜ਼ਾਂ ਖਰੀਦਦੇ ਹਨ । ਬੱਸ ਅੱਡੇ ਵਿੱਚ ਕਿਸੇ ਵੀ ਤਰਾਂ ਦੀ ਲੜਾਈ ਆਦਿ ਦੀ ਸੰਭਾਵਨਾ ਕਰਕੇ ਪੁਲਿਸ ਮੁਲਾਜ਼ਮ ਵੀ ਹੁੰਦੇ ਹਨ । ਇਸ ਤਰਾਂ ਬੱਸ ਅੱਡੇ ਦਾ ਦ੍ਰਿਸ਼ ਰੌਲੇ-ਰੱਪੇ ਭਰਪੂਰ ਹੁੰਦਾ ਹੈ ।



★ ਰਾਮਕੁਮਾਰ ਵਰਮਾ ( ਪੰਜਾਬੀ ਮਾਸਟਰ ) ਮੋਬਾਇਲ 7508727529 ★

★ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ, ਪੰਡੋਰੀ ਰਣ ਸਿੰਘ। ★